Serial No. 172 | D-DTN-K-QVB

# PUNJABI

## Paper—II

## (Literature)

*Time Allowed : Three Hours* | *Maximum Marks : 300*

## INSTRUCTIONS

*Candidates should attempt questions 1 and 5 which are compulsory and any THREE of the remaining questions, selecting at least ONE question from each Section.*

*The number of marks carried by each question is indicated at the end of the question.*

*Answer must be written in Punjabi. (Gurumukhi Script)*

---

## SECTION—A

1. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ :— 20×3=60

(ੳ) ਆਪੇ ਭਾਂਡੇ ਸਾਜਿਆਨੁ
ਆਪੇ ਪੂਰਣੁ ਦੇਇ ॥
ਇਕਨੀ ਦੁਧ ਸਮਾਈਐ
ਇਕਿ ਚੁਲੈ ਰਹਨਿ ਚੜੇ ॥
ਇਨਿ ਨਿਹਾਲੀ ਪੈ ਸਵਨਿ
ਇਕ ਉਪਰਿ ਰਹਨਿ ਖੜੇ ॥
ਤਿਨਾ ਸਵਾਰੇ ਨਾਨਕਾ
ਜਿਨ ਕਉ ਨਦਹਿ ਕਰੇ ॥

punjabiforias.com
by Satinder Sir



(Comi)

Scanned with CamScanner

(ਅ) ਫਰੀਦਾ ਵੇਖਿ ਕਪਾਹੈ ਜਿ ਥੀਆ
ਜਿ ਸਿਰਿ ਥੀਆ ਤਿਲਾਹਿ ॥
ਕਮਾਦੈ ਅਰੁ ਕਾਗਦੈ
ਕੁੰਨੇ ਕੋਇਲਿਆਹੁ ॥
ਮੰਦੇ ਅਮਲ ਕਰੇਦਿਆ
ਇਹ ਸਜਾਇ ਤਿਨਾਹਿ ॥

(ੲ) ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀ ਮੇਰੇ ਵੱਸ ਥੀਂ ਗਲ ਬੇਵੱਸ ਹੋਈ।
ਕਾਜ਼ੀ ਮਾਪਿਆਂ ਭਾਈਆਂ ਬੰਨ੍ਹ ਤੋਰੀ, ਸਾਡੀ ਤੈਂਡੜੀ ਦੋਸਤੀ ਬਸ ਹੋਈ।
ਜਾ ਜੀਂਵਾਂਗੀ ਮਿਲਾਂਗੀ ਰੱਬ ਮੇਲੇ ਹਰ ਸਾਲ ਤਾਂ ਦੋਸਤੀ ਬਸ ਹੋਈ।
ਲੱਗਾ ਤੀਰ ਜੁਦਾਈ ਦਾ ਮੀਆਂ ਵਾਰਿਸ, ਸਾਢੇ ਵਿਚ ਕਲੇਜੜੇ ਧੱਸ ਹੋਈ।

(ਸ) ਰਾਂਝਾ ਰਾਂਝਾ ਕਰਦੀ ਨੀ ਮੈਂ, ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਵਿਚ ਮੈਂ ਵਿਚ ਰਾਂਝੇ ਦੇ, ਹੋਰ ਖਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੀ ਆਪਣੀ, ਆਪ ਕਰੇ ਦਿਲਜੋਈ।
ਹੱਥ ਖੂੰਡੀ ਅੱਗੇ ਮੰਗੂ, ਮੋਢੇ ਭੂਰੀ ਲੋਈ।
ਬੁੱਲ੍ਹੇ ਸ਼ਾਹ ਹੀਰ ਸਲੇਟੀ ਵੇਖੋ, ਕਿਥੇ ਜਾ ਖਲੋਈ।

punjabiforias.com
by Satinder Sir


(Contd.)
Scanned with CamScanner

2. "ਕੁਦਰਤ ਦੀ ਰੰਗੀਨੀ, ਹਉਮੈ ਦੇ ਸੂਖਮ ਤੇ ਸਥੂਲ ਰੂਪ, ਧਰਮ ਦੀਆਂ ਮੁਰਦਾ ਤੇ ਅਬੋਧਿਕ ਰਸਮਾਂ, ਧਾਰਮਿਕ ਫੋਕਟ ਕਰਮ-ਕਾਂਡ, ਰਾਜਸੀ ਧੱਕਾ ਤੇ ਅਨਿਆ, ਜ਼ਾਤਪਾਤ ਦੇ ਵਿਤਕਰੇ, ਇਸਤ੍ਰੀ ਦੀ ਬੇਪਤੀ ਦੇ ਵਿਰੁਧ ਰੋਸ, ਅਮੀਰੀ ਦਾ ਸਰੂਰ, ਮਹਿਨੂਮਾਂ ਦੀ ਬੁਜ਼ਦਿਲੀ, ਕਰਮ ਤੇ ਪ੍ਰਤਿਕਰਮ ਤੇ ਰੱਬੀ ਨਿਆਕਾਰੀ ਦੇ ਸਿਧਾਂਤ"—ਦੀ ਖ਼ੂਬਸੂਰਤੀ ਨਾਲ ਪੇਸ਼ਕਾਰੀ 'ਆਸਾ ਦੀ ਵਾਰ' ਵਿਚ ਹੈ। ਇਹਨਾਂ ਪੱਖਾਂ ਦੀ ਉਦਾਹਰਣਾਂ ਸਹਿਤ ਸਮੀਖਿਆ ਪੇਸ਼ ਕਰੋ। 60

3. ਬੁਲ੍ਹੇ ਸ਼ਾਹ ਦੇ ਸੂਫ਼ੀ ਰਹੱਸਵਾਦ ਦਾ ਸੁਵਿਸਤਾਰ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

4. 'ਵਾਰਿਸ ਸ਼ਾਹ ਸੁਖ਼ਨ ਦਾ ਵਾਰਿਸ ਕਿਤੋਂ ਨਾ ਅਟਕਿਆ ਵਲਿਆ ਪਰ ਖਿਨ ਰਾਹੀ ਚੱਕੀ ਵਾਂਗੂੰ ਉਸ ਨਿੱਕਾ ਮੋਟਾ ਦਲਿਆ' ਇਸ ਟਿੱਪਣੀ ਨੂੰ ਮੁੱਖ ਰਖਕੇ, ਹੀਰ ਵਾਰਿਸ ਦੇ ਕਿੱਸੇ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

punjabiforias.com by Satinder Sir

## SECTION—B

5. ਹੇਠ ਲਿਖੇ ਗਦ/ਪਦ ਕਾਵਿ ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ :— 20×3=60

(ੳ) ਕੁੱਕੜਾਂ ਵਾਂਗ ਲੀਡਰ ਲੜਦੇ।

ਬੇਬੁਨਿਆਦ ਬਹਾਨੇ ਘੜਦੇ।

ਖ਼ਤਰੇ ਵਿਚ ਹੈ ਪੱਗ ਲੋਕੋ।

ਮੇਰੇ ਆਸੇ ਪਾਸੇ ਅੱਗ ਲੋਕੋ।



Scanned with CamScanner

2010

(ਅ) ਇਕ ਰੋਜ਼ ਵਡਾਲੇ ਦੇ ਵਿਚ ਬੈਠੇ, ਚਲੀ ਆਣ ਅੰਗ੍ਰੇਜ਼ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ, ਜਿਹਨਾਂ ਨਾਲ ਸਾਡੀ ਮੁਲਾਕਾਤ ਆਈ।
ਫ਼ਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

(ੲ) ਗੁੱਝੀਆਂ ਤਾਕਤਾਂ ਲਈ ਸਮਾਧੀ,
ਮੰਤਰਾਂ ਦਾ ਪਾਠ
ਜਾਂ ਇਕਾਗਰਤਾ ਦੇ ਅਭਿਮਾਨ
ਵਿਚੋਂ ਵਿਸਮਾਦ ਆਦਿ
ਸਿਰਫ਼ ਮਜ਼੍ਹਬੀ ਜਾਦੂਗਰੀ ਹਨ,
ਮਜ਼੍ਹਬ ਨਹੀਂ।

(ਸ) ਬੋਦਾਕਾਫ਼ ਇਕ ਉੱਚ ਦਰਜੇ ਦਾ ਅਧਿਕਾਰੀ ਸੀ। ਉਹਦੇ ਕੋਲ ਆਪਣੀ ਮੋਟਰ ਸੀ, ਜੋ ਰੂਸ ਵਿਚ ਬੜੀ ਅਸਧਾਰਨ ਗਲ ਸਮਝੀ ਜਾਂਦੀ ਹੈ। ਇਸ ਰੁੱਤਬੇ ਵਾਲੇ ਆਦਮੀ ਕੋਲੋਂ ਸਾਡੇ ਮੁਲਕ ਵਿਚ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਦਰਸ਼ਕ ਦਾ ਡਿੱਗਿਆ ਦਸਤਾਨਾ ਢੂੰਢਣ ਲਈ ਸੜਕਾਂ ਤੇ ਦੌੜ ਪਏ। ਉਸ ਤੋਂ ਤਾਂ ਇਤਨੀ ਉਮੀਦ ਕਰਨਾ ਵੀ ਮੁਸ਼ਕਿਲ ਹੈ ਕਿ ਮਹਿਮਾਨ ਦੇ ਹੱਥੋਂ ਡਿੱਗੇ ਦਸਤਾਨੇ ਨੂੰ ਜਮੀਨ ਤੋਂ ਚੁੱਕ ਕੇ ਵੀ ਫੜਾ ਦੇਵੇ। ਉਹ ਤਾਂ ਝੱਟ ਕਿਸੇ ਚਪੜਾਸੀ ਨੂੰ ਵਾਜਾਂ ਮਾਰਨ ਲਗ ਪਏਗਾ।



(Contd.)

punjabiforias.com by Satinder Sir

Scanned with CamScanner

6. ਧਨੀ ਰਾਮ ਚਾਤ੍ਰਿਕ-ਕਾਵਿ ਪੰਜਾਬੀ ਜੀਵਨ ਤੇ ਸੱਭਿਆਚਾਰ ਦਾ ਚਿਤ੍ਰਣ ਕਰਨ ਵਾਲਾ ਸਰਬੋਤਮ ਕਾਵਿ ਹੈ। ਉਸਦੇ ਕਾਵਿ ਵਿਚੋਂ ਉਹਨਾਂ ਪਛਾਣ-ਚਿੰਨ੍ਹਾਂ ਦੀ ਆਲੋਚਨਾਤਮਕ ਵਿਆਖਿਆ ਕਰੋ, ਜੋ ਇਸ ਚਿਤ੍ਰਣ ਨੂੰ ਪੇਸ਼ ਕਰਦੇ ਹਨ। 60

7. 'ਨਾਨਕ ਸਿੰਘ ਪੰਜਾਬੀ ਦਾ ਉਹ ਨਾਵਲਕਾਰ ਹੈ ਜਿਸਦੇ ਨਾਵਲ, ਨਾਵਲ ਰੂਪ ਦੇ ਪੱਖ ਤੋਂ ਸਰਲ ਗੋਂਦ ਪ੍ਰਧਾਨ ਹੁੰਦੇ ਹਨ। ਇਸੇ ਲਈ ਉਸਦੀ ਕਥਾ ਹਰ ਪੜਾਉ ਉੱਤੇ ਤਣਾਉ ਤੇ ਪ੍ਰਤੀਖਿਆ ਨਾਲ ਕਸੀ ਹੁੰਦੀ ਹੈ।' 'ਚਿੱਟਾ ਲਹੂ' ਤੇ 'ਪਵਿੱਤਰ ਪਾਪੀ' ਨਾਵਲਾਂ ਦੇ ਅਧਾਰ 'ਤੇ ਉਪਰੋਕਤ ਟਿੱਪਣੀ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰੋ। 60

8. ਬਲਵੰਤ ਗਾਰਗੀ ਨੇ ਨਵੀਨ ਨਿਰਦੇਸ਼ਕੀ ਤਕਨੀਕਾਂ ਤੇ ਨਵੀਨ ਨਾਟ-ਸ਼ੈਲੀਆਂ ਰਾਹੀਂ ਪੰਜਾਬੀ ਨਾਟਕ ਨੂੰ ਪਰੰਪਰਕ ਲੀਹਾਂ ਤੋਂ ਅੱਗੇ ਤੋਰਿਆ। 'ਲੋਹਾ ਕੁੱਟ', 'ਧੂਣੀ ਦੀ ਅੱਗ' ਤੇ 'ਸੁਲਤਾਨ ਰਜ਼ੀਆ' ਦੇ ਆਧਾਰ 'ਤੇ ਉਸਦੀਆਂ ਇਹਨਾਂ ਪ੍ਰਾਪਤੀਆਂ ਦਾ ਆਲੋਚਨਾਤਮਕ ਲੇਖਾ-ਜੋਖਾ ਪ੍ਰਸਤੁੱਤ ਕਰੋ। 60

punjabiforias.com
by Satinder Sir

Scanned with CamScanner